GOVERNMENT OF WESTERN AUSTRALIA

WorkCoverWA



# ਰੁਜ਼ਗਾਰਦਾਤੇ ਲਈ ਜ਼ਰੂਰੀ ਚੀਜ਼ਾਂ - ਕਰਮਚਾਰੀਆਂ ਦਾ ਮੁਆਵਜ਼ਾ ਬੀਮਾ

ਵੈਸਟਰਨ ਆਸਟ੍ਰੇਲੀਆ ਵਿੱਚ ਸਾਰੇ ਰੁਜ਼ਗਾਰਦਾਤਿਆਂ ਨੂੰ *ਕਰਮਚਾਰੀਆਂ ਲਈ ਮੁਆਵਜ਼ਾ ਅਤੇ ਸੱਟ ਦੇ ਪ੍ਰਬੰਧਨ ਕਾਨੂੰਨ 2023* (ਕਾਨੂੰਨ) ਦੇ ਅਧੀਨ ਇਕ ਕਰਮਚਾਰੀ ਵਜੋਂ ਪਰਿਭਾਸ਼ਿਤ ਕੀਤੇ ਗਏ ਕਿਸੇ ਵੀ ਵਿਅਕਤੀ ਲਈ ਕਰਮਚਾਰੀਆਂ ਦਾ ਮੁਆਵਜ਼ਾ ਬੀਮਾ ਕਰਵਾਉਣ ਦੀ ਲੋੜ ਹੁੰਦੀ ਹੈ।

## ਕਰਮਚਾਰੀਆਂ ਦਾ ਮੁਆਵਜ਼ਾ ਕੀ ਹੈ?

ਕਰਮਚਾਰੀਆਂ ਦਾ ਮੁਆਵਜ਼ਾ ਉਹਨਾਂ ਕਰਮਚਾਰੀਆਂ ਨੂੰ ਪ੍ਰਦਾਨ ਕੀਤਾ ਜਾਣ ਵਾਲਾ ਵਿੱਤੀ ਮੁਆਵਜ਼ਾ ਹੈ ਜੋ ਆਪਣੇ ਕੰਮ ਦੇ ਨਤੀਜੇ ਵਜੋਂ ਜ਼ਖਮੀ ਹੋ ਜਾਂਦੇ ਹਨ, ਅਤੇ ਇਹਨਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਕਮਾਈ ਦੇ ਨੁਕਸਾਨ ਨੂੰ ਪੂਰਾ ਕਰਨ ਲਈ ਆਮਦਨ ਦੇ ਮੁਆਵਜ਼ੇ ਦਾ ਭੁਗਤਾਨ
- ਡਾਕਟਰੀ ਅਤੇ ਸਬੰਧਿਤ ਖਰਚਿਆਂ ਵਿੱਚ ਸਹਾਇਤਾ
- ਕੰਮ 'ਤੇ ਵਾਪਸ ਆਉਣ ਲਈ ਕੰਮ ਵਾਲੀ ਥਾਂ ਵਿੱਚ ਮੁੜ ਸਥਾਪਿਤ ਹੋਣ ਲਈ ਸਹਾਇਤਾ
- ਕੁਝ ਹਾਲਾਤਾਂ ਵਿੱਚ ਇਕਮੁਸ਼ਤ ਭੁਗਤਾਨ।

ਕੋਈ ਵੀ ਕਰਮਚਾਰੀ ਜਿਸ ਨੂੰ ਕੰਮ ਨਾਲ ਸਬੰਧਿਤ ਸੱਟ ਲੱਗਦੀ ਹੈ, ਡਾਕਟਰੀ ਇਲਾਜ ਕਰਵਾਉਣ ਜਾਂ ਕੰਮ ਤੋਂ ਛੁੱਟੀ ਲੈਣ ਦੀ ਲੋੜ ਪੈਂਦੀ ਹੈ, ਉਹ ਕਰਮਚਾਰੀਆਂ ਦੇ ਮੁਆਵਜ਼ੇ ਦਾ ਦਾਅਵਾ ਕਰਨ ਦਾ ਹੱਕਦਾਰ ਹੈ, ਭਾਵੇਂ ਕਿ ਗਲਤੀ ਕਿਸੇ ਦੀ ਵੀ ਹੋਵੇ।

**ਕਰਮਚਾਰੀਆਂ ਦਾ ਮੁਆਵਜ਼ਾ ਬੀਮਾ ਲਾਜ਼ਮੀ ਹੈ ਅਤੇ ਰੁਜ਼ਗਾਰਦਾਤਿਆਂ ਨੂੰ ਕਰਮਚਾਰੀਆਂ ਦੇ ਮੁਆਵਜ਼ੇ ਅਤੇ ਆਮ ਕਾਨੂੰਨ (ਕੌਮਨ ਲਾਅ) ਦੇ ਦਾਅਵਿਆਂ ਦੀ ਲਾਗਤ ਤੋਂ ਬਚਾਉਂਦਾ ਹੈ।**

ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵਿਆਂ ਉਪਰ ਲੱਖਾਂ ਡਾਲਰ ਖਰਚ ਹੋ ਸਕਦੇ ਹਨ। ਬੀਮੇ ਤੋਂ ਬਿਨਾਂ, ਤੁਸੀਂ ਦਾਅਵੇ ਨਾਲ ਜੁੜੇ ਸਾਰੇ ਖਰਚਿਆਂ ਲਈ ਖੁਦ ਜ਼ਿੰਮੇਵਾਰ ਹੋਵੋਗੇ।

ਲੋੜੀਂਦਾ ਬੀਮਾ ਲੈ ਕੇ ਰੱਖਣ ਵਿੱਚ ਅਸਫ਼ਲ ਰਹਿਣ 'ਤੇ ਪ੍ਰਤੀ ਕਰਮਚਾਰੀ $10,000 ਤੱਕ ਦਾ ਜੁਰਮਾਨਾ ਲਾਗੂ ਹੁੰਦਾ ਹੈ।

## ਮੈਨੂੰ ਕਿਸ ਵਿਅਕਤੀ ਲਈ ਬੀਮੇ ਦੀ ਲੋੜ ਹੈ?

ਰੁਜ਼ਗਾਰਦਾਤੇ ਨੂੰ ਲਾਜ਼ਮੀ ਤੌਰ 'ਤੇ ਕਿਸੇ ਵੀ ਅਜਿਹੇ ਵਿਅਕਤੀ ਲਈ ਕਰਮਚਾਰੀਆਂ ਦਾ ਮੁਆਵਜ਼ੇ ਵਾਲਾ ਬੀਮਾ ਕਵਰ ਲੈਣਾ ਚਾਹੀਦਾ ਹੈ ਜੋ ਕਾਨੂੰਨ ਦੇ ਅਧੀਨ ਕਿਸੇ ਕਰਮਚਾਰੀ ਦੀ ਪਰਿਭਾਸ਼ਾ ਨੂੰ ਪੂਰਾ ਕਰਦਾ ਹੈ।

ਇਸ ਵਿੱਚ ਸ਼ਾਮਲ ਹਨ:

- ਤਨਖਾਹ ਲੈਣ ਵਾਲੇ ਪੂਰੇ ਸਮੇਂ ਦੇ ਕਰਮਚਾਰੀ
- ਪਾਰਟ-ਟਾਈਮ, ਕੈਜ਼ੂਅਲ ਅਤੇ ਸੀਜ਼ਨਲ ਕਾਮੇ
- ਕਮਿਸ਼ਨ 'ਤੇ ਕੰਮ ਕਰਨ ਵਾਲੇ ਕਰਮਚਾਰੀ
- ਪ੍ਰਤੀ ਟੁਕੜਾ ਤਨਖਾਹ ਲੈਣ ਵਾਲੇ ਕਰਮਚਾਰੀ।

ਕੁਝ ਹਾਲਾਤਾਂ ਵਿੱਚ ਇਸ ਵਿੱਚ ਇਹ ਵੀ ਸ਼ਾਮਲ ਹੋ ਸਕਦੇ ਹਨ:

- ਠੇਕੇਦਾਰ ਅਤੇ ਸਬ-ਠੇਕੇਦਾਰ
- ਕਾਰਜਕਾਰੀ ਨਿਰਦੇਸ਼ਕ।

ਜੇ ਤੁਸੀਂ ਕਿਸੇ ਵੀ ਵਿਅਕਤੀ ਨੂੰ ਰੁਜ਼ਗਾਰ ਦਿੰਦੇ ਹੋ ਜਾਂ ਆਪਣੇ ਨਾਲ ਸ਼ਾਮਲ ਕਰਦੇ ਹੋ, ਅਤੇ ਉਸ ਵਾਸਤੇ ਕਰਮਚਾਰੀਆਂ ਨੂੰ ਮੁਆਵਜ਼ਾ ਬੀਮਾ ਪ੍ਰਦਾਨ ਕਰਨ ਦੀਆਂ ਤੁਹਾਡੀਆਂ ਜ਼ਿੰਮੇਵਾਰੀਆਂ ਬਾਰੇ ਤੁਹਾਨੂੰ ਪੱਕਾ ਪਤਾ ਨਹੀਂ ਹੈ, ਤਾਂ ਸਾਡੀ ਸਲਾਹ ਅਤੇ ਸਹਾਇਤਾ ਸੇਵਾ ਨਾਲ ਸੰਪਰਕ ਕਰੋ।

## ਮੈਂ ਬੀਮਾ ਪਾਲਸੀ ਕਿਵੇਂ ਪ੍ਰਾਪਤ ਕਰਾਂ?

ਮਾਨਤਾ ਪ੍ਰਾਪਤ ਬੀਮਾ ਕਰਨ ਵਾਲਿਆਂ ਦੀ ਇਕ ਸੂਚੀ ਜਿਨ੍ਹਾਂ ਨੂੰ ਤੁਸੀਂ ਪ੍ਰੀਮੀਅਮ ਦੀ ਲਾਗਤ ਪਤਾ ਕਰਨ ਲਈ ਸੰਪਰਕ ਕਰ ਸਕਦੇ ਹੋ, ਸਾਡੀ ਵੈੱਬਸਾਈਟ 'ਤੇ ਉਪਲਬਧ ਹੈ।

ਦੂਸਰੇ ਤਰੀਕੇ, ਤੁਸੀਂ ਕਿਸੇ ਬੀਮਾ ਬ੍ਰੋਕਰ ਦੀਆਂ ਸੇਵਾਵਾਂ ਦੀ ਵਰਤੋਂ ਕਰ ਸਕਦੇ ਹੋ ਜੋ ਤੁਹਾਡੀ ਤਰਫੋਂ ਬੀਮਾ ਕਰਨ ਵਾਲਿਆਂ ਨਾਲ ਗੱਲਬਾਤ ਕਰੇਗਾ।

**ਜਦੋਂ ਤੁਸੀਂ ਪਾਲਸੀ ਲੈਂਦੇ ਹੋ, ਤਾਂ ਬੀਮਾ ਕਰਨ ਵਾਲਿਆਂ ਦੁਆਰਾ ਜਾਰੀ ਕੀਤਾ ਕਰੰਸੀ ਦਾ ਸਰਟੀਫਿਕੇਟ ਤੁਹਾਡੇ ਬੀਮੇ ਦਾ ਸਬੂਤ ਹੁੰਦਾ ਹੈ, ਜੋ ਬੀਮਾ ਕੀਤੇ ਕਾਰੋਬਾਰ ਅਤੇ ਪਾਲਸੀ ਦੀ ਮਿਆਦ ਨੂੰ ਨਿਰਧਾਰਤ ਕਰਦਾ ਹੈ।**

ਹੋਰ ਬੀਮਿਆਂ ਦੇ ਉਲਟ, ਕਰਮਚਾਰੀਆਂ ਦੇ ਮੁਆਵਜ਼ਾ ਬੀਮੇ ਦਾ ਆਪਣੇ ਆਪ ਨਵੀਨੀਕਰਣ ਨਹੀਂ ਹੁੰਦਾ ਹੈ। ਹਰ ਸਾਲ, ਤੁਹਾਨੂੰ ਆਪਣੀ ਪਾਲਿਸੀ ਨੂੰ ਹੱਥੀਂ ਨਵਿਆਉਣ ਅਤੇ ਬੀਮਾ ਕਰਨ ਵਾਲਿਆਂ ਦੁਆਰਾ ਜਾਰੀ ਕੀਤਾ ਇਕ ਨਵਾਂ ਕਰੰਸੀ ਦਾ ਸਰਟੀਫਿਕੇਟ ਪ੍ਰਾਪਤ ਕਰਨ ਦੀ ਲੋੜ ਹੋਵੇਗੀ।

ਕਾਰੋਬਾਰੀ ਬੀਮਾ ਪੈਕ ਵਿੱਚ ਆਮ ਤੌਰ 'ਤੇ ਕਰਮਚਾਰੀਆਂ ਦਾ ਮੁਆਵਜ਼ਾ ਬੀਮਾ ਸ਼ਾਮਲ ਨਹੀਂ ਹੁੰਦਾ, ਅਤੇ ਜਨਤਕ ਦੇਣਦਾਰੀ ਬੀਮਾ ਕਰਮਚਾਰੀਆਂ ਦੇ ਮੁਆਵਜ਼ੇ ਦੇ ਦਾਅਵਿਆਂ ਨੂੰ ਆਪਣੇ ਹੇਠ ਨਹੀਂ ਲਿਆਉਂਦਾ। ਇਹ ਜਾਂਚ ਕਰਨਾ ਯਕੀਨੀ ਬਣਾਓ ਕਿ ਤੁਹਾਡੇ ਕੋਲ ਸਹੀ ਬੀਮਾ ਹੈ।

## ਹੋਰ ਸਹਾਇਤਾ ਦੀ ਲੋੜ ਹੈ?

ਦਾਅਵਿਆਂ ਦੀ ਪ੍ਰਕਿਰਿਆ ਦੀ ਵਿਆਖਿਆ ਸਮੇਤ ਵਧੇਰੇ ਜਾਣਕਾਰੀ ਵਾਸਤੇ, *ਕਰਮਚਾਰੀਆਂ ਦਾ ਮੁਆਵਜ਼ਾ ਅਤੇ ਸੱਟ ਦਾ ਪ੍ਰਬੰਧਨ:* ਸਾਡੀ ਵੈੱਬਸਾਈਟ 'ਤੇ *ਰੁਜ਼ਗਾਰਦਾਤਿਆਂ ਲਈ ਇਕ ਗਾਈਡ* ਦੇਖੋ।

ਵਰਕ-ਕਵਰ WA ਦੀ ਸਲਾਹ ਅਤੇ ਸਹਾਇਤਾ ਸੇਵਾ ਨੂੰ **1300 794 744** 'ਤੇ ਫ਼ੋਨ ਕਰੋ। ਦੁਭਾਸ਼ੀਆ ਸੇਵਾਵਾਂ ਉਪਲਬਧ ਹਨ।

**workcover.wa.gov.au** 'ਤੇ ਜਾਓ